

Khalistan Affairs Centre
956-National Press Building
Washington, DC
20045
Ph: 202-637-9210
Fax: 202-637-9211
Email: kacwashdc@yahoo.com
www.khalistan-affairs.org

# ਖਾਲਿਸਤਾਨ ਕਾਲਿੰਗ

## ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ. ਸੀ. ਦੀ ਕਲਮ ਤੋਂ

---

## ‘ਕਰਤਾਰਪੁਰ ਸਾਹਿਬ ਮੇਰਾ ਮੱਕਾ, ਰੋਮ ਤੇ ਜੈਰੂਸ਼ਲਮ ਹੈ–ਸ. ਮਨੋਹਰ ਸਿੰਘ ਗਿੱਲ–ਭਾਰਤੀ ਖੇਡ ਮੰਤਰੀ’

## *26 ਮਿਲੀਅਨ ਸਿੱਖ ਕੌਮ ਦੀ, ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਦੀ ਤਾਂਘ ਦੀ ਪੂਰਤੀ ਕਰਨ ਵਾਲੀ ਕਰਤਾਰਪੁਰ–ਲਾਂਘਾ ਸਕੀਮ ਨੂੰ, ਭਾਰਤ ਸਰਕਾਰ ਸਿਰੇ ਨਹੀਂ ਚੜ੍ਹਨ ਦੇਣਾ ਚਾਹੁੰਦੀ।*

## *ਭਾਰਤੀ ਵਿਦੇਸ਼ ਮੰਤਰੀ, ਕਿਹੜੇ ਮਾਹਿਰਾਂ ਤੋਂ ਇਸ ਸਬੰਧੀ ਰਿਪੋਰਟ ਲੈਣਾ ਚਾਹੁੰਦਾ ਹੈ?*

ਵਾਸ਼ਿੰਗਟਨ (ਡੀ. ਸੀ.) 2 ਜੁਲਾਈ, 2008 – ਲਗਭਗ ਸਾਢੇ ਚਾਰ ਸਦੀਆਂ ਪਹਿਲਾਂ, ਅਕਾਲ ਪੁਰਖ (ਕਰਤਾਰ) ਨੂੰ ਸਮਰਪਤ, ਬਾਬੇ ਨਾਨਕ ਵਲੋਂ, ਰਾਵੀ ਦੇ ਕੰਢੇ ਵਸਾਇਆ ਗਿਆ ਸ਼ਹਿਰ ਕਰਤਾਰਪੁਰ ਅੱਜਕਲ ਮੀਡੀਏ ਵਿੱਚ ਚਰਚਾ ਦਾ ਵਿਸ਼ਾ ਹੈ। ਗੁਰੂ ਨਾਨਕ ਸਾਹਿਬ ਨੇ ਨਾ–ਸਿਰਫ਼ ਇਸ ਕਰਤਾਰਪੁਰ ਦੀ ਧਰਤੀ ’ਤੇ ਆਪਣੀ ਜ਼ਿੰਦਗੀ ਦੇ 18 ਵਰ੍ਹੇ ਹੀ ਗੁਜ਼ਾਰੇ ਬਲਕਿ ਇਸੇ ਧਰਤੀ ’ਤੇ ਭਾਈ ਲਹਿਣਾ ਜੀ ਨੂੰ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਪ੍ਰਾਪਤ ਹੋਏ ਅਤੇ ਫਿਰ ਉਨ੍ਹਾਂ ਨੂੰ ਇਥੇ ਹੀ ਗੁਰਿਆਈ ਦੀ ਬਖਸ਼ਿਸ਼ ਹੋਈ ਅਤੇ ਉਹ ਗੁਰੂ ਅੰਗਦ ਬਣੇ। ਗੁਰੂ ਨਾਨਕ ਸਾਹਿਬ ਨੇ ਇਥੇ ਕਿਰਤ ਪ੍ਰਧਾਨ ਸਮਾਜ ਦਾ ਅਮਲੀ ਮਾਡਲ ਸਥਾਪਤ ਕਰਦਿਆਂ – ਹੱਥੀਂ ਖੇਤੀਬਾੜੀ ਕੀਤੀ ਅਤੇ ਬਿਨਾਂ ਜ਼ਾਤ, ਰੰਗ, ਧਰਮ, ਨਸਲ ਦੇ ਵਿਤਕਰੇ ਦੇ ਸਭ ਨੂੰ ਇਥੇ ਵਸਣ ਦਾ ਸੱਦਾ ਦਿੱਤਾ ਅਤੇ ਸਾਂਝੀਵਾਲਤਾ ਦਾ ਸੱਭਿਆਚਾਰ ਸਿਰਜਿਆ। ਇਸ ਧਰਤੀ ’ਤੇ ‘ਧੁਰ ਕੀ ਬਾਣੀ’ ਲਗਾਤਾਰ ਨਾਜ਼ਲ ਹੁੰਦੀ ਰਹੀ ਅਤੇ ਪੰਜਵੀਂ ਉਦਾਸੀ (ਅੱਚਲ ਬਟਾਲੇ ਦੀ ਸਿੱਧਾਂ–ਜੋਗੀਆਂ ਨਾਲ ਗੋਸ਼ਟੀ) ਵੀ ਇਥੋਂ ਹੀ ਗੁਰੂ ਸਾਹਿਬ ਨੇ ਕੀਤੀ।

ਇਸੇ ਮੁਕੱਦਸ ਧਰਤੀ ’ਤੇ ਗੁਰੂ ਨਾਨਕ ਸਾਹਿਬ ਜੋਤੀ ਜੋਤ ਸਮਾਏ ਅਤੇ ਸਿੱਖਾਂ (ਹਿੰਦੂਆਂ) ਤੇ ਮੁਸਲਮਾਨਾਂ ਨੇ ਆਪਣੇ ਰਿਵਾਜ਼ਾਂ ਮੁਤਾਬਿਕ, ਅੰਤਮ ਕਾਦਰ ਦਾ ਸਸਕਾਰ ਤੇ ਦਫਨ-ਕਾਰਜ ਕੀਤਾ। ਅੱਜ ਵੀ ਇਸ ਇਤਿਹਾਸਕ ਗੁਰਦੁਆਰੇ ਵਿੱਚ, ਗੁਰੂ ਸਾਹਿਬ ਦੀ ਯਾਦ ਵਿੱਚ ਸਮਾਧ ਤੇ ਕਬਰ ਦੀ ਹੋਂਦ ਪੰਜਾਬੀ ਦੇ ਇਸ ਬੋਲ ਨੂੰ ਸੱਚ ਸਾਬਤ ਕਰ ਰਹੀ ਹੈ-

‘ਬਾਬਾ ਨਾਨਕ, ਸ਼ਾਹ-ਫਕੀਰ
ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ’

ਸਮੇਂ ਸਮੇਂ ਰਾਵੀ ਦਰਿਆ ਦਾ ਵਹਿਣ ਵੀ ਬਦਲਦਾ ਰਿਹਾ ਅਤੇ ਹੜ੍ਹਾਂ ਦੀ ਮਾਰ ਵੀ ਨਿਰੰਤਰ ਰਹਿਣ ਕਰਕੇ, ਕਰਤਾਰਪੁਰ ਸ਼ਹਿਰ ਅਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਲਗਾਤਾਰ ਨੁਕਸਾਨ ਹੁੰਦਾ ਰਿਹਾ। 1947 ਵਿੱਚ ਗੁਰਦੁਆਰਾ ਸਾਹਿਬ ਦੀ ਖ਼ੂਬਸੂਰਤ ਇਮਾਰਤ ਦੀ ਤਾਮੀਰ ਚੱਲ ਰਹੀ ਸੀ, ਜਿਸ ਵਿੱਚ ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਵਲੋਂ ਕਾਫੀ ਧਨ ਰਾਸ਼ੀ ਖਰਚੀ ਜਾ ਰਹੀ ਸੀ, ਪਰ 15 ਅਗਸਤ, 1947 ਨੂੰ ਦੇਸ਼ ਦੀ ਵੰਡ ਹੋ ਗਈ ਅਤੇ ਕਰਤਾਰਪੁਰ ਸਾਹਿਬ ਵਾਲਾ ਪਾਸਾ, ਪਾਕਿਸਤਾਨ ਵਿੱਚ ਚਲਾ ਗਿਆ। ਇਹ ਗੁਰਦੁਆਰਾ, ਭਾਰਤੀ ਸੀਮਾ ਤੋਂ ਸਿਰਫ 2 ਕਿਲੋਮੀਟਰ ਦੀ ਵਿੱਥ ’ਤੇ ਹੈ। ਇਹ ਵੀ ਅਕਾਲ ਪੁਰਖ ਦੀ ਕੋਈ ਵੱਡੀ ਖੇਡ ਹੀ ਹੈ ਕਿ ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ-ਨਨਕਾਣਾ ਸਾਹਿਬ ਅਤੇ ਜੋਤੀ ਜੋਤ ਸਮਾਉਣ ਦਾ ਸਥਾਨ ਕਰਤਾਰਪੁਰ ਸਾਹਿਬ ਦੋਵੇਂ ਹੀ ਪਾਕਿਸਤਾਨ ਵਿੱਚ ਚਲੇ ਗਏ। ਇਸ ਸਮੇਂ ਦੌਰਾਨ ਹੀ ਪੰਥ ਨੇ ਆਪਣੀ ਅਰਦਾਸ ਵਿੱਚ, ਪਾਕਿਸਤਾਨ ਸਥਿਤ ‘ਗੁਰਦੁਆਰਿਆਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ’ ਦੀ ਤੜਪ ਨੂੰ ਵੀ ਸ਼ਾਮਲ ਕੀਤਾ।

1947 ਤੋਂ ਬਾਅਦ ਭਾਰਤ ਨੇ ਸਮੇਂ ਸਮੇਂ ਪਾਕਿਸਤਾਨ ਨਾਲ ਕਈ ਸੰਧੀਆਂ ਕੀਤੀਆਂ ਪਰ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਗੁਰਦੁਆਰਿਆਂ ਨਾਲ ਸਬੰਧਿਤ ਮੁੱਦੇ ਨੂੰ ਕਦੀ ਪਹਿਲ ਨਹੀਂ ਦਿੱਤੀ। ਪਾਕਿਸਤਾਨ ਨਾਲ 1965 ਤੇ 1971 ਦੀਆਂ ਜੰਗਾਂ ਤੋਂ ਬਾਅਦ ਕੀਤੇ ‘ਤਾਸ਼ਕੰਦ ਸਮਝੌਤੇ’ ਅਤੇ ‘ਸ਼ਿਮਲਾ ਸਮਝੌਤੇ’ ਵਿੱਚ ਵੀ ਸਿੱਖ ਗੁਰਦੁਆਰਿਆਂ ਦੇ ਮੁੱਦੇ ਨੂੰ ਛੂਹਿਆ ਤੱਕ ਨਹੀਂ ਗਿਆ। ਨਹੀਂ ਤਾਂ ਜੰਗਾਂ ਵਿੱਚ ਜੇਤੂ ਭਾਰਤ (ਜਿਹੜੀਆਂ ਜਿੱਤਾਂ ਸਿੱਖ ਫੌਜਾਂ ਦੀ ਬਹਾਦਰੀ ਅਤੇ ਅੰਮ੍ਰਿਤਸਰ, ਗੁਰਦਾਸਪੁਰ ਤੇ ਫਿਰੋਜ਼ਪੁਰ ਦੇ ਸਰਹੱਦੀ ਇਲਾਕਿਆਂ ਦੇ ਲੋਕਾਂ ਦੇ ਭਰਪੂਰ ਸਹਿਯੋਗ ਸਦਕਾ ਸੰਭਵ ਹੋ ਸਕੀਆਂ) ਲਈ, ਪਾਕਿਸਤਾਨ ਤੋਂ ਗੁਰਦੁਆਰਿਆਂ ਸਬੰਧੀ ਕੋਈ ਵੀ ਰਿਆਇਤ ਲੈਣੀ ਬਹੁਤ ਹੀ ਅਸਾਨ ਸੀ। ਪਰ ਭਾਰਤੀ ਹਾਕਮ ਪਹਿਲੇ ਦਿਨ ਤੋਂ ਹੀ ਸਿੱਖਾਂ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਦੇ ਹਨ ਅਤੇ ਸਿੱਖਾਂ-ਮੁਸਲਮਾਨਾਂ ਦੀ ਨੇੜਤਾ ਨੂੰ, ਉਹ ਭਾਰਤ ਲਈ ਖਤਰਾ ਸਮਝਦੇ ਹਨ।

ਇਹ ਕਰੈਡਿਟ ਪਾਕਿਸਤਾਨ ਦੀ ਨਵਾਜ਼ ਸ਼ਰੀਫ ਸਰਕਾਰ ਨੂੰ ਜਾਂਦਾ ਹੈ ਕਿ ਉਸ ਨੇ 1998 ਵਿੱਚ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਕਰਕੇ ਪਾਕਿਸਤਾਨ ਵਿਚਲੇ ਸਿੱਖ ਗੁਰਦੁਆਰਿਆਂ ਦੀ ਸੇਵਾ-ਸੰਭਾਲ ਵੱਲ ਪੁਖਤਾ ਕਦਮ ਚੁੱਕਿਆ। ਉਸ ਤੋਂ ਬਾਅਦ ਦੇ ਵਰ੍ਹਿਆਂ ਵਿੱਚ, ਪ੍ਰੈਜ਼ੀਡੈਂਟ ਮੁਸ਼ੱਰਫ ਨੇ ਵੀ ਸਿੱਖ ਗੁਰਦੁਆਰਿਆਂ ਪ੍ਰਤੀ ਬੜੀ ਉਦਾਰ ਨੀਤੀ ਅਪਣਾਉਂਦਿਆਂ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਸ਼ਾਨ ਬਹਾਲ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ। ਪਾਕਿਸਤਾਨ ਸਰਕਾਰ ਦੇ ਸਹਿਯੋਗ ਨਾਲ ਹੁਣ ਗੁਰਦੁਆਰਾ ਸੱਚਾ ਸੌਦਾ, ਗੁਰਦੁਆਰਾ ਰੋੜੀ ਸਾਹਿਬ ਏਮਨਾਬਾਦ, ਬਾਬੇ ਦੀ ਬੇਰ-ਸਿਆਲਕੋਟ, ਗੁਰਦੁਆਰਾ ਸ਼ਹੀਦ ਸਿੰਘ-ਸਿੰਘਣੀਆਂ, ਗੁਰਦੁਆਰਾ ਕਰਤਾਰਪੁਰ ਸਾਹਿਬ ਆਦਿਕ ਸੰਗਤਾਂ ਦੇ ਦਰਸ਼ਨਾਂ ਲਈ ਖੋਲ੍ਹ ਦਿੱਤੇ ਗਏ ਹਨ। 15 ਨਵੰਬਰ, 2008 ਨੂੰ, ਪਾਕਿਸਤਾਨ ਔਕਾਫ ਬੋਰਡ ਦੇ ਚੇਅਰਮੈਨ ਜਨਰਲ ਜਾਵੇਦ ਨਾਸਰ ਨੇ, ਇੰਗਲਿਸ਼ ਟ੍ਰਿਬਿਊਨ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕਿਹਾ – “ਪਾਕਿਸਤਾਨ ਸਰਕਾਰ ਕਰਤਾਰਪੁਰ ਸਾਹਿਬ ਤੋਂ ਭਾਰਤੀ ਸਰਹੱਦ (ਡੇਰਾ ਬਾਬਾ ਨਾਨਕ) ਤੱਕ ਡੇਢ ਕਿਲੋਮੀਟਰ ਲਾਂਘਾ (ਕਾਰੀਡੋਰ) ਬਣਾਉਣ ਨੂੰ ਤਿਆਰ ਹੈ ਤਾਂ ਕਿ ਭਾਰਤੀ ਸਿੱਖ ਬਿਨਾ ਪਾਸਪੋਰਟ ਤੇ ਵੀਜ਼ੇ ਦੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰ ਕਰ ਸਕਣ। ਬਾਰਡਰ ਦੇ ਦੋਵੇਂ ਪਾਸੇ, ਕੰਡਿਆਲੀ ਤਾਰ ਲਗਾ ਦਿੱਤੀ ਜਾਵੇਗੀ ਅਤੇ ਪੈਦਲ ਚੱਲਣ ਵਾਲਿਆਂ ਲਈ ਰਾਵੀ ਦੇ ਆਰ-ਪਾਰ 40 ਮੀਟਰ ਪੁਲ ਵੀ ਤਾਮੀਰ ਕਰ ਦਿੱਤਾ ਜਾਵੇਗਾ। ਸਿੱਖ ਸਾਰਾ ਸਾਲ ਹੀ ਇਸ ਗੁਰਦੁਆਰਾ ਸਾਹਿਬ ਦੇ ਖੁੱਲ੍ਹੇ ਦਰਸ਼ਨ-ਦੀਦਾਰ ਕਰ ਸਕਣਗੇ।” ਪਾਕਿਸਤਾਨ ਦੇ ਸਰਕਾਰੀ ਅਧਿਕਾਰੀ ਵਲੋਂ ਕੀਤੀ ਪੇਸ਼ਕਸ਼ ਨੂੰ ਲਗਭਗ ਅੱਠ ਸਾਲ ਬੀਤ ਗਏ ਹਨ – ਹੁਣ ਵੇਖੀਏ ਕਿ ਭਾਰਤੀ ਜ਼ਾਲਸਾਜ਼ਾਂ ਨੇ ਇਸ ’ਤੇ ਕੀ ਕਾਰਵਾਈ ਕੀਤੀ।

ਚਾਰ ਸਾਲ ਭਾਰਤੀ ਸਿਆਸਤਦਾਨ ਸੁੱਤੇ ਰਹੇ। 20 ਅਗਸਤ, 2004 ਦੀ ‘ਟ੍ਰਿਬਿਊਨ’ ਅਖਬਾਰ ਅਨੁਸਾਰ ‘ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਕਰਤਾਰਪੁਰ ਲਾਂਘਾ ਪ੍ਰੋਜੈਕਟ ਸਬੰਧੀ ਇੱਕ ਵਿਸਤ੍ਰਿਤ ਖਰੜਾ (ਪਰਪੋਜ਼ਲ) ਬਣਾ ਕੇ ਭੇਜਿਆ ਹੈ। ਪੰਜਾਬ ਸਰਕਾਰ ਨੇ ਪ੍ਰਧਾਨ ਮੰਤਰੀ ਨੂੰ ਕਿਹਾ ਹੈ ਕਿ ਇਸ ਤਜਵੀਜ਼ ਸਬੰਧੀ ਫੌਰਨ ਪਾਕਿਸਤਾਨ ਨਾਲ ਗੱਲਬਾਤ ਕੀਤੀ ਜਾਏ। 2 ਸਤੰਬਰ, 2004 ਦੀ ਟ੍ਰਿਬਿਊਨ ਵਿੱਚ ਪ੍ਰਕਾਸ਼ਤ ਇੱਕ ਖਬਰ ਦਾ ਸਿਰਲੇਖ ਸੀ – ‘ਪਾਕਿਸਤਾਨ ਨਾਲ ਲਾਂਘੇ ਸਬੰਧੀ ਗੱਲਬਾਤ ਕੀਤੀ ਜਾਵੇਗੀ – ਪ੍ਰਧਾਨ ਮੰਤਰੀ’ ਖਬਰ ਦੇ ਵੇਰਵੇ ਅਨੁਸਾਰ “ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਮੁੱਖ ਮੰਤਰੀ ਪੰਜਾਬ ਨੂੰ ਜਾਣੂੰ ਕਰਵਾਇਆ ਹੈ ਕਿ ਪਾਕਿਸਤਾਨ ਨਾਲ ਹੋਣ ਵਾਲੀ ਦੁਵੱਲੀ (ਬਾਈਲੇਟਰਲ) ਗੱਲਬਾਤ ਵਿੱਚ ਕਰਤਾਰਪੁਰ ਲਾਂਘਾ ਸਕੀਮ ਨੂੰ ਵਿਚਾਰਿਆ ਜਾਵੇਗਾ ਕਿਉਂਕਿ ਸਿੱਖਾਂ ਲਈ ਇਹ ਮੁੱਦਾ ਬੜੀ ਅਹਿਮੀਅਤ ਰੱਖਦਾ ਹੈ ਅਤੇ ਸਿੱਖ ਦੋਵੇਂ ਵੇਲੇ ਦੀ ਅਰਦਾਸ ਵਿੱਚ, ਖੁੱਲ੍ਹੇ ਦਰਸ਼ਨ ਦੀਦਾਰ ਦੀ ਜਾਚਨਾ ਕਰਦੇ ਹਨ।” ਦੋ ਸਾਲ ਫੇਰ ਕੇਂਦਰ ਸਰਕਾਰ ਨੂੰ ਸੱਪ ਸੁੰਘਿਆ ਰਿਹਾ।

4 ਅਗਸਤ, 2006 ਨੂੰ ਡੇਰਾ ਬਾਬਾ ਨਾਨਕ ਵਿਖੇ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ (ਦੀ ਹਿੰਦੂ, ਮਦਰਾਸ ਅਖਬਾਰ ਅਨੁਸਾਰ) "ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਕਰਤਾਰਪੁਰ ਲਾਂਘਾ ਸਕੀਮ ਲਈ ਕੇਂਦਰ ਸਰਕਾਰ 'ਤੇ ਦਬਾਅ ਪਾਉਣਗੇ।" 18 ਅਗਸਤ 2006 ਨੂੰ 'ਕਰਤਾਰਪੁਰ ਦਰਸ਼ਨ ਅਭਿਲਾਸ਼ੀ ਸੰਸਥਾ' ਦੇ ਮੁਖੀ ਸ. ਕੁਲਦੀਪ ਸਿੰਘ ਵਡਾਲਾ ਨੇ ਮੁੜ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਨੇ 2004 ਵਿੱਚ ਜਿਹੜਾ ਐਲਾਨ ਕੀਤਾ ਸੀ ਉਸਦੀ ਪੂਰਤੀ ਲਈ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕੀਤੀ ਜਾਵੇ।

21 ਦਸੰਬਰ 2006 ਦੀ 'ਟ੍ਰਿਬਿਊਨ' ਅਨੁਸਾਰ, ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਆਪਣੀ ਅੰਮ੍ਰਿਤਸਰ ਫੇਰੀ ਦੌਰਾਨ, ਆਪਣੇ ਲਿਖਤੀ ਭਾਸ਼ਨ ਵਿੱਚ 'ਸਿੱਖਾਂ ਦੀ ਦੋ ਵੇਲੇ ਦੀ ਅਰਦਾਸ ਦੀ ਭਾਵਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਸਖਤ ਮਿਹਨਤ ਕਰ ਰਹੇ ਹਨ ਤਾਂ ਕਿ ਇਸ ਅਰਦਾਸ ਨੂੰ ਅਸਲੀਅਤ ਵਿੱਚ ਬਦਲਿਆ ਜਾ ਸਕੇ। 20 ਮਈ, 2008 ਨੂੰ ਸ਼੍ਰੋਮਣੀ ਕਮੇਟੀ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਭਾਰਤੀ ਵਿਦੇਸ਼ ਮੰਤਰੀ ਪ੍ਰਣਾਬ ਮੁਖਰਜੀ ਦੀ ਪਾਕਿਸਤਾਨ ਫੇਰੀ ਦੌਰਾਨ, ਕਰਤਾਰਪੁਰ ਲਾਂਘੇ ਦੀ ਮੰਗ ਨੂੰ ਏਜੰਡੇ ਵਿੱਚ ਸ਼ਾਮਲ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਦੇ ਬਿਆਨ ਵਿੱਚ ਕਿਹਾ ਗਿਆ ਕਿ ਇਸ ਸਬੰਧੀ ਪ੍ਰਧਾਨ ਮੰਤਰੀ ਨੂੰ ਕਈ ਮੈਮੋਰੰਡਮ ਦਿੱਤੇ ਜਾ ਚੁੱਕੇ ਹਨ ਕਿ ਕਰਤਾਰਪੁਰ ਲਾਂਘੇ ਨੂੰ ਪਹਿਲ ਦੇ ਆਧਾਰ 'ਤੇ ਲਿਆ ਜਾਏ।

22 ਮਈ ਨੂੰ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇੱਕ ਬਿਆਨ ਵਿੱਚ ਵਿਦੇਸ਼ ਮੰਤਰੀ ਪ੍ਰਣਾਬ ਮੁਖਰਜੀ ਤੋਂ ਮੰਗ ਕੀਤੀ ਕਿ ਉਹ ਪਾਕਿਸਤਾਨੀ ਵਿਦੇਸ਼ ਮੰਤਰੀ ਨਾਲ ਮੀਟਿੰਗ ਦੌਰਾਨ ਕਰਤਾਰਪੁਰ ਲਾਂਘੇ ਦੇ ਮੁੱਦੇ 'ਤੇ ਵੀ ਵਿਚਾਰ ਕਰਨ। ਇਸੇ ਦੌਰਾਨ ਭਾਰਤ ਦੇ ਖੇਡ ਮੰਤਰੀ (ਸਾਬਕਾ ਮੁੱਖ ਇਲੈਕਸ਼ਨ ਕਮਿਸ਼ਨ) ਸ. ਮਨੋਹਰ ਸਿੰਘ ਗਿੱਲ ਨੇ ਵਿਦੇਸ਼ ਮੰਤਰੀ ਨੂੰ ਲਿਖੇ ਇੱਕ ਪੱਤਰ ਵਿੱਚ ਕਰਤਾਰਪੁਰ ਲਾਂਘੇ ਸਬੰਧੀ ਆਪਣੇ ਉਹ ਵਿਚਾਰ ਦੁਹਰਾਏ, ਜੋ ਉਹਨਾਂ ਪਾਰਲੀਮੈਂਟ ਵਿੱਚ ਵੀ ਪ੍ਰਗਟਾਏ ਸਨ – "ਕਰਤਾਰਪੁਰ ਸਾਹਿਬ ਮੇਰਾ ਮੱਕਾ, ਰੋਮ ਤੇ ਜੈਰੂਸ਼ਲਮ ਹੈ।"

ਪ੍ਰਣਾਬ ਮੁਖਰਜੀ ਨੂੰ, ਸਰਦਾਰ ਬਾਦਲ ਨੇ ਕਰਤਾਰਪੁਰ ਸਾਹਿਬ ਦਾ ਹੈਲੀਕਾਪਟਰ ਰਾਹੀਂ ਸਫਰ ਕਰਾਉਣ ਦੀ ਪੇਸ਼ਕਸ਼ ਕੀਤੀ ਕਿਉਂਕਿ ਪਾਕਿਸਤਾਨ ਨੇ ਇਸ ਦੀ ਫੌਰਨ ਆਗਿਆ ਦੇ ਦਿੱਤੀ ਸੀ। ਪ੍ਰਣਾਬ ਮੁਖਰਜੀ ਨੇ ਕਰਤਾਰਪੁਰ ਸਾਹਿਬ ਜਾਣ ਤੋਂ ਤਾਂ ਨਾਂਹ ਕਰ ਦਿੱਤੀ ਪਰ ਉਹ ਡੇਰਾ ਬਾਬਾ ਨਾਨਕ ਆਉਣਾ ਮੰਨ ਗਿਆ – ਜਿੱਥੋਂ ਉਸ ਨੇ ਦੂਰਬੀਨ ਰਾਹੀਂ ਗੁਰਦੁਆਰਾ ਕਰਤਾਰਪੁਰ ਵੇਖਿਆ। ਡੇਰਾ ਬਾਬਾ ਨਾਨਕ ਵਿਖੇ ਜਿਵੇਂ ਪੁਲਿਸ ਦੇ ਇੱਕ ਡੀ. ਐਸ.ਪੀ. ਨੇ ਸਰਦਾਰ ਵਡਾਲਾ ਨੂੰ ਅਪਮਾਨਿਤ ਕਰਕੇ ਸਟੇਜ ਤੋਂ ਲਾਹਿਆ ਅਤੇ ਇੱਕ ਕੰਟੀਨ ਵਿੱਚ ਬੰਦ ਕਰ ਛੱਡਿਆ – ਇਹ ਇਸ਼ਾਰਾ ਆਪਣੇ ਆਪ ਵਿੱਚ ਹੀ ਦੱਸ ਰਿਹਾ ਹੈ ਕਿ ਭਾਰਤੀ ਖੁਫੀਆ ਏਜੰਸੀਆਂ ਦੇ ਇਰਾਦੇ ਕੀ ਹਨ। ਪ੍ਰਣਾਬ ਮੁਖਰਜੀ ਨੇ, ਸਮੁੱਚੇ ਘਟਨਾਕ੍ਰਮ ਨੂੰ 'ਕੂਟਨੀਤਕ ਭਾਸ਼ਾ ਵਿੱਚ' 'ਦਫਨ' ਕਰਦਿਆਂ ਕਿਹਾ – 'ਕਰਤਾਰਪੁਰ ਲਾਂਘਾ ਪ੍ਰੋਜੈਕਟ ਸਬੰਧੀ ਪਹਿਲਾਂ ਮਾਹਿਰਾਂ ਤੋਂ ਅਧਿਐਨ ਕਰਵਾਇਆ ਜਾਏਗਾ ਤੇ ਫਿਰ ਉਨ੍ਹਾਂ ਦੀ ਰਿਪੋਰਟ 'ਤੇ ਵਿਚਾਰ ਕੀਤਾ ਜਾਵੇਗਾ। ਉਸ ਤੋਂ ਬਾਅਦ ਪਾਕਿਸਤਾਨ ਸਰਕਾਰ ਦੀ ਆਗਿਆ ਦਾ ਇੰਤਜ਼ਾਰ ਕੀਤਾ ਜਾਵੇਗਾ।'

ਪਾਠਕਜਨ! ਪਾਕਿਸਤਾਨ ਨੇ ਤਾਂ ਅੱਠ ਸਾਲ ਪਹਿਲਾਂ ਇਸ ਪ੍ਰੋਜੈਕਟ ਨੂੰ ਹਰੀ ਝੰਡੀ ਦਿੱਤੀ ਹੋਈ ਹੈ – ਪਰ ਭਾਰਤ ਨੇ ਹੁਣ ਤੱਕ ਇਸ ਸਬੰਧੀ ਕੋਈ ਨਿੱਗਰ ਕਾਰਵਾਈ ਸ਼ੁਰੂ ਹੀ ਨਹੀਂ ਕੀਤੀ। ਪਿਛਲੇ ਅੱਠ ਸਾਲਾਂ ਵਿੱਚ ਭਾਰਤ ਸਰਕਾਰ ਨੂੰ ਕੋਈ ਮਾਹਿਰ ਨਹੀਂ ਮਿਲੇ, ਜਿਹੜੇ ਕਿ ਇਸ ਪ੍ਰੋਜੈਕਟ ਦਾ ਅਧਿਐਨ ਕਰਦੇ? ਹੁਣ ਜਦੋਂ ਕਿ ਮਨਮੋਹਣ ਸਿੰਘ ਸਰਕਾਰ ਆਖਰੀ ਸਾਹਾਂ 'ਤੇ ਹੈ ਕਿਹੜੇ ਮਾਹਿਰ, ਕਦੋਂ ਆਉਣਗੇ ਅਤੇ ਕਦੋਂ ਰਿਪੋਰਟ ਦੇਣਗੇ? ਭਾਰਤ ਸਰਕਾਰ ਦੀ ਸਿੱਖ ਮੁੱਦਿਆਂ ਸਬੰਧੀ ਪਹੁੰਚ ਸ਼ੁਰੂ ਤੋਂ ਹੀ ਬੇਈਮਾਨ ਰਹੀ ਹੈ ਅਤੇ 'ਪਗੜੀਧਾਰੀ' ਮਨਮੋਹਨ ਸਿੰਘ ਦੇ ਬਨਣ ਨਾਲ ਵੀ ਇਸ ਨੀਤੀ ਵਿੱਚ ਕੋਈ ਫਰਕ ਨਹੀਂ ਪਿਆ। ਇਹ ਫੈਸਲਾ 26 ਮਿਲੀਅਨ ਸਿੱਖ ਕੌਮ ਨੇ ਕਰਨਾ ਹੈ ਕਿ ਅਸੀਂ ਹੋਰ ਕਿੰਨੀ ਕੁ ਜ਼ਲਾਲਤ ਭਾਰਤੀ ਨਕਸ਼ੇ ਦੀ ਕੈਦ ਵਿੱਚ ਕੱਟਣੀ ਹੈ? ਸਾਡੇ ਸਬਰ ਦਾ ਪਿਆਲਾ ਕਦੋਂ ਭਰਨਾ ਹੈ?